ਵੈਨਕੂਵਰ ਬੋਰਡ ਆਫ ਐਜੁਕੇਸ਼ਨ
ਸਕੂਲ ਡਿਸਟ੍ਰਿਕਟ ਨੰ - 39
ਸੁਪਰੀਂਟੈਂਡਟ ਦਾ ਆਫਿਸ
1580 ਵੈਸਟ ਬ੍ਰਾਡਵੇ, ਵੈਨਕੂਵਰ, ਬੀ.ਸੀ. ਵੀ6ਬੀ 5ਕੇ8
ਟੈਲੀਫੋਨ: 604-713-5000 ਫੈਕਸ: 604-713-5412

2013 ਨਵੰਬਰ 14

ਪਿਆਰੇ ਮਾਤਾ ਪਿਤਾ/ਸਰਪ੍ਰਸਤ ਜੀਓ

ਇਸ ਪੱਤਰ ਰਾਹੀਂ ਮੈਂ ਆਪਜੀ ਨੂੰ ਜੂਨ ਦੇ ਅਖ਼ੀਰਲੇ ਹਫਤਿਆਂ ਵਿੱਚ ਸਕੂਲ ਵਿੱਚ ਆਉਣ ਵਾਲੀ ਤਬਦੀਲੀ ਬਾਰੇ ਜਾਣੂ ਕਰਾਉਣਾ ਚਾਹੁੰਦਾ ਹਾਂ। ਆਮ ਤੌਰ ਤੇ, ਇਸ ਵਕੱਤ ਸਾਡੇ ਸਕੈਂਡਰੀ ਸਕੂਲ ਦੇ ਵਿਦਿਆਰਥੀ ਆਪਣੇ ਸਲਾਨਾਂ ਇਮਤਿਹਾਨਾਂ ਦੀ ਤਿਆਰੀ ਕਰ ਰਹੇ ਹੁੰਦੇ ਹਨ ਅਤੇ ਉਹਨਾਂ ਨੂੰ ਸਮੇਂ ਦੀ ਘਾਟ ਮਹਿਸੂਸ ਹੁੰਦੀ ਹੈ। ਸਾਡੇ ਸਕੂਲ ਪਿੱਛਲੇ ਕੁੱਝ ਸਾਲਾਂ ਤੋ, ਜੂਨ ਦੇ ਅਖ਼ੀਰਲੇ ਹਫਤਿਆਂ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ ਬਾਰੇ ਕਈ ਵੱਖਰੇ ਨਜ਼ਰੀਆਂ ਦੀ ਵਰਤੋਂ ਕਰ ਚੁੱਕੇ ਹੱਨ।

ਸਿਖਿਆ ਵਿਭਾਗ ਦੀ ਮਨਿਸਟ੍ਰੀ ਨੇ ਸਕੂਲ ਕਲੈਂਡਰ ਦੇ ਨਿਯਮ ਵਿੱਚ ਤਬਦੀਲੀ ਕੀਤੀ ਹੈ, ਜਿਸ ਦਾ ਅਸਰ 2013/2014 ਸਕੂਲੀ ਸਾਲ ਵਿੱਚ ਨਜ਼ਰ ਆਵੇਗਾ। ਮੈਂ ਇਹਨਾਂ ਤਬਦੀਲੀਆਂ ਨਾਲ ਸਹਿਮਤ ਹਾਂ ਅਤੇ ਇਹਨਾਂ ਦਾ ਸਵਾਗਤ ਕਰਦਾ ਹਾਂ। ਸਕੈਂਡਰੀ ਸਕੂਲ ਦੇ ਵਿਦਿਆਰਥੀਆਂ ਲਈ ਸੱਭ ਤੋਂ ਜ਼ਰੂਰੀ ਇਹ ਤਬਦੀਲੀ ਹੈ ਕਿ ਸਾਲ ਦੇ ਅਖ਼ੀਰ ਵਿੱਚ ਇਮਤਿਹਾਨਾਂ ਵੇਲੇ ਸਕੂਲ ਵਿੱਚ ਪੜ੍ਹਾਈ ਦੇ ਸਮੇਂ ਨੂੰ ਕਿਵੇਂ ਸਮਝਿਆ ਜਾਵੇ। ਸਰਕਾਰੀ ਨੇਮਾ ਨੂੰ ਮੰਨਦੇ ਹੋਏ, ਵੈਨਕੂਵਰ ਸਕੂਲ ਬੋਰਡ ਨੇ ਸਕੂਲਾਂ ਨੂੰ ਹਿਦਾਇਤ ਦਿੱਤੀ ਹੈ ਕਿ ਜਿਹੜੇ ਬੱਚੇ ਇਮਤਿਹਾਨਾਂ ਵਿੱਚ ਨਹੀਂ ਬੈਠਦੇ ਉਹਨਾਂ ਨੂੰ ਗਰਮੀਆਂ ਦੀਆਂ ਛੁਟੀਆਂ ਤੱਕ ਪੜ੍ਹਾਇਆ ਜਾਵੇ, ਜੋ 27 ਜੂਨ ਤੋਂ ਸ਼ੁਰੂ ਹੁੰਦੀਆਂ ਹਨ।

ਮਾਤਾ ਪਿਤਾ ਲਈ ਇਸ ਤੋਂ ਭਾਵ ਹੈ ਕਿ ਸਕੂਲ ਡਿਸਟ੍ਰਿਕਟ ਆਪਜੀ ਦੇ ਬੱਚਿਆਂ ਨੂੰ ਸਕੂਲ ਦੇ ਨਿਰਧਾਰਤ ਸਮੇਂ ਵਿੱਚ ਸਿਖਿਆ ਅਵਸਰ ਪੂਰੇ ਜੂਨ ਮਹੀਨੇ ਵਿੱਚ ਪ੍ਰਦਾਨ ਕਰਦੇ ਰਹਿਣਗੇ। ਸਪੈਸ਼ਲ ਐਜੁਕੇਸ਼ਨ ਪਰੋਗਰਾਮ ਅਤੇ ਆਲਟ੍ਰਨੇਟ ਪਰੋਗਰਾਮ ਵੀ ਬਿਨਾ ਰੁਕਾਵਿਟ 26 ਜੂਨ ਤੱਕ ਚਲਦੇ ਰਹਿਣਗੇ।

ਹਮੇਸ਼ਾ ਵਾਂਗ, ਜੇ ਆਪ ਜੀ ਦੇ ਕੁੱਝ ਸਵਾਲ ਹੋਣ ਤਾਂ ਮੈਂ ਆਪ ਜੀ ਨੂੰ ਆਪਣੇ ਬੱਚੇ ਦੇ ਸਕੂਲ ਨਾਲ ਸਪੰ੍ਕ ਕਰਨ ਲਈ ਉਤਸ਼ਾਹਤ ਕਰਦਾ ਹਾਂ। ਸਟਾਫ ਆਪ ਜੀ ਦੇ ਸਵਾਲਾਂ ਦਾ ਜਵਾਬ ਖੁਸ਼ੀ ਖੁਸ਼ੀ ਦੇਣਗੇ।

ਸਤਿਕਾਰਯੋਗ,
ਡਾ. ਸਟੀਵ ਕਾਰਡਵੈੱਲ
ਸੁਪਰੀਂਟੈਂਡਟ/ਸੀ ਈ ਓ
ਵੈਨਕੂਵਰ ਸਕੂਲ ਡਿਸਟ੍ਰਿਕਟ